THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ/ਆਈ.ਟੀ/15/4020 ਈਮੇਲ ਰਾਹੀ ਮਿਤੀ:-10-12-2015

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਅਤੇ ਆਰਟ ਐਂਡ ਕਰਾਫਟ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ:-** ਬੋਰਡ ਦਫਤਰ ਨਾਲ ਈਮੇਲ ਰਾਹੀ ਪੱਤਰ ਵਿਹਾਰ ਨਾਂ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੀ ਸੰਸਥਾਵਾਂ ਵਲੋਂ ਬੋਰਡ ਦਫਤਰ ਦੀ ਮੰਗ ਤੋਂ ਬਿਨ੍ਹਾਂ ਹੀ ਆਪਣੇ ਤੌਰ ਤੇ ਈਮੇਲ ਰਾਹੀਂ ਪੱਤਰ ਵਿਹਾਰ ਕੀਤਾ ਜਾਂਦਾ ਹੈ, ਜਿਸ ਨੂੰ ਡੀਲ ਕਰਨ ਵਿੱਚ ਕਈ ਤਰ੍ਹਾਂ ਦੀਆਂ ਦਫਤਰੀ ਔਂਕੜਾਂ ਪੇਸ਼ ਆਉਂਦੀਆਂ ਹਨ। ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਬੋਰਡ ਦੀ ਮੰਗ ਤੋਂ ਬਿਨ੍ਹਾਂ ਕੋਈ ਵੀ ਅਜਿਹਾ ਈਮੇਲ ਰਾਹੀਂ ਪੱਤਰ ਵਿਹਾਰ ਨਾਂ ਕੀਤਾ ਜਾਵੇ। ਈਮੇਲ ਰਾਹੀਂ ਕੇਵਲ ਬੋਰਡ ਦਫਤਰ ਦੁਆਰਾ ਮੰਗੀ ਗਈ ਸੂਚਨਾ ਹੀ ਭੇਜੀ ਜਾਵੇ। ਜੇਕਰ ਭਵਿੱਖ ਵਿੱਚ ਕੋਈ ਵੀ ਈਮੇਲ ਰਾਹੀਂ ਸੂਚਨਾ/ਪੱਤਰ ਬਿਨ੍ਹਾਂ ਮੰਗ ਤੋਂ ਬੋਰਡ ਦਫਤਰ ਵਿਖੇ ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ। ਬਿਨ੍ਹਾਂ ਮੰਗ ਈਮੇਲ ਰਾਹੀ ਭੇਜੇ ਗਏ ਪੱਤਰ ਨੂੰ ਡੀਲ ਨਾਂ ਕਰਨ ਸਬੰਧੀ ਜੇ ਕਿਸੇ ਵੀ ਤਰ੍ਹਾਂ ਦੀ ਕੋਈ ਕਾਨੂਨੀ ਜਾਂ ਹੋਰ ਅੜਚਨ ਪੈਦਾ ਹੁੰਦੀ ਹੈ ਤਾਂ ਉਸਦੀ ਜਿੰਮੇਵਾਰੀ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਦੀ ਹੀ ਹੋਵੇਗੀ।

ਉਪਰੋਕਤ ਹਦਾਇਤਾਂ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਇਹਨਾਂ ਦੀ ਇੰਨ-ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)